BRITISH COLUMBIA HealthLinkBC

Punjabi - Number 23a
July 2022

# ਮੈਨਿਨਜੋਕੋਕਲ C ਕੋਂਜੁਗੇਟ (Men-C) ਵੈਕਸੀਨ
## Meningococcal C Conjugate (Men-C) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਗਵਾਓ।**

ਸਾਰੇ ਟੀਕੇ ਸਮੇਂ ਸਿਰ ਲਗਵਾਉਣ ਨਾਲ, ਤੁਹਾਡੇ ਬੱਚੇ ਨੂੰ ਜੀਵਨ ਭਰ ਕਈ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।

ਟੀਕਾਕਰਨ ਨੇ ਕੈਨੇਡਾ ਵਿੱਚ ਪਿਛਲੇ 50 ਸਾਲਾਂ ਵਿੱਚ ਕਿਸੇ ਵੀ ਹੋਰ ਸਿਹਤ ਉਪਾਅ ਨਾਲੋਂ ਜ਼ਿਆਦਾ ਜਾਨਾਂ ਬਚਾਈਆਂ ਹਨ।

### Men-C ਵੈਕਸੀਨ ਕੀ ਹੈ?

Men-C ਵੈਕਸੀਨ ਮੈਨਿਨਜੋਕੋਕਲ ਬੈਕਟੀਰੀਆ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ, ਕਿਸਮ C ਦੀ ਲਾਗ ਤੋਂ ਬਚਾਉਂਦੀ ਹੈ। ਵੈਕਸੀਨ ਨੂੰ ਹੈਲਥ ਕੈਨੇਡਾ ਦੁਆਰਾ ਪ੍ਰਵਾਨਿਤ ਕੀਤਾ ਗਿਆ ਹੈ।

Men-C ਵੈਕਸੀਨ ਤੁਹਾਡੇ ਬੱਚੇ ਦੇ ਰੁਟੀਨ ਟੀਕਾਕਰਨ ਦੇ ਹਿੱਸੇ ਵਜੋਂ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਅਪਾਇੰਟਮੈਂਟ ਲੈਣ ਲਈ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਕਾਲ ਕਰੋ।

### Men-C ਵੈਕਸੀਨ ਕਿਸ ਨੂੰ ਲੈਣੀ ਚਾਹੀਦੀ ਹੈ?

Men-C ਵੈਕਸੀਨ ਨਵਜਾਤਾਂ ਨੂੰ 2 ਖੁਰਾਕਾਂ ਦੀ ਲੜੀ ਵਜੋਂ ਦਿੱਤੀ ਜਾਂਦੀ ਹੈ। ਪਹਿਲੀ 2 ਮਹੀਨਿਆਂ ਦੀ ਉਮਰ 'ਤੇ ਦਿੱਤੀ ਜਾਂਦੀ ਹੈ, ਅਤੇ ਦੂਜੀ 12 ਮਹੀਨਿਆਂ 'ਤੇ। ਵੈਕਸੀਨ ਬਚਪਨ ਦੇ ਹੋਰ ਟੀਕਿਆਂ ਦੇ ਸਮੇਂ 'ਤੇ ਹੀ ਦਿੱਤੀ ਜਾਂਦੀ ਹੈ।

| Men-C ਵੈਕਸੀਨ | ਟੀਕਾਕਰਨ ਸਮੇਂ ਬੱਚੇ ਦੀ ਉਮਰ |
|---|---|
| ਪਹਿਲੀ ਖੁਰਾਕ | 2 ਮਹੀਨੇ |
| ਦੂਜੀ ਖੁਰਾਕ | 12 ਮਹੀਨੇ |

ਵੈਕਸੀਨ ਇਹਨਾਂ ਲੋਕਾਂ ਨੂੰ ਵੀ ਦਿੱਤੀ ਜਾ ਸਕਦੀ ਹੈ:

- ਜੋ 2002 ਤੋਂ ਪਹਿਲਾਂ ਪੈਦਾ ਹੋਏ, ਜਿਨ੍ਹਾਂ ਦੀ ਉਮਰ 24 ਸਾਲ ਜਾਂ ਇਸ ਤੋਂ ਘੱਟ ਹੈ ਅਤੇ ਜਿਨ੍ਹਾਂ ਨੂੰ ਆਪਣੇ 10ਵੇਂ ਜਨਮ ਦਿਨ 'ਤੇ ਜਾਂ ਇਸ ਤੋਂ ਬਾਅਦ ਟੀਕੇ ਦੀ ਖੁਰਾਕ ਨਹੀਂ ਲਈ
- ਜੋ ਮੈਨਿਨਜੋਕੋਕਲ ਟਾਈਪ C ਬਿਮਾਰੀ ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹਨ

ਪ੍ਰਾਪਤ ਕੀਤੇ ਗਏ ਸਾਰੇ ਟੀਕਾਕਰਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਵੈਕਸੀਨ ਦੇ ਕੀ ਫਾਇਦੇ ਹਨ?

ਮੈਨਿਨਜੋਕੋਕਲ ਟਾਈਪ C ਦੀ ਲਾਗ ਤੋਂ ਬਚਾਅ ਕਰਨ ਵਾਲੀਆਂ ਵੈਕਸੀਨਾਂ, ਤੁਹਾਡੇ ਬੱਚੇ ਨੂੰ ਇਸ ਗੰਭੀਰ ਅਤੇ ਕਈ ਵਾਰ ਘਾਤਕ ਬਿਮਾਰੀ ਤੋਂ ਬਚਾਉਣ ਲਈ ਸਭ ਤੋਂ ਵਧੀਆ ਤਰੀਕਾ ਹਨ।

ਜਦੋਂ ਤੁਸੀਂ ਆਪਣੇ ਬੱਚੇ ਦਾ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

### ਵੈਕਸੀਨ ਤੋਂ ਬਾਅਦ ਸੰਭਵ ਪ੍ਰਤਿਕਿਰਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹਨ। ਮੈਨਿਨਜੋਕੋਕਲ ਬਿਮਾਰੀ ਹੋਣ ਨਾਲੋਂ ਟੀਕਾ ਲਗਵਾਉਣਾ ਕਾਫ਼ੀ ਜ਼ਿਆਦਾ ਸੁਰੱਖਿਅਤ ਹੈ। ਵੈਕਸੀਨ ਤੋਂ ਹੋਣ ਵਾਲੀਆਂ ਆਮ ਪ੍ਰਤਿਕਿਰਿਆਵਾਂ ਵਿੱਚ ਉਸ ਸਥਾਨ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ ਜਿੱਥੇ ਟੀਕਾ ਲਗਾਇਆ ਗਿਆ ਸੀ। ਟੀਕਾ ਲਗਵਾਉਣ ਤੋਂ 24 ਘੰਟਿਆਂ ਦੇ ਅੰਦਰ ਬੁਖ਼ਾਰ, ਉਨੀਂਦਰਾਪਣ, ਸੁਸਤੀ, ਭੁੱਖ ਨਾ ਲੱਗਣਾ, ਮਤਲੀ, ਉਲਟੀਆਂ, ਦਸਤ, ਸਿਰ ਦਰਦ ਜਾਂ ਮਾਸਪੇਸ਼ੀਆਂ ਵਿੱਚ ਦਰਦ ਵੀ ਹੋ ਸਕਦਾ ਹੈ। ਇਹ ਪ੍ਰਤਿਕਿਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮ ਤੌਰ 'ਤੇ 1 ਤੋਂ 2 ਦਿਨਾਂ ਤੱਕ ਰਹਿੰਦੀਆਂ ਹਨ।

ਐਸੀਟਾਮਿਨੋਫ਼ਿਨ (ਜਿਵੇਂ ਕਿ Tylenol®) ਜਾਂ ਆਈਬਿਊਪਰੋਫ਼ੈਨ* (ਜਿਵੇਂ ਕਿ Advil®) ਬੁਖ਼ਾਰ ਜਾਂ ਦਰਦ ਲਈ ਦਿੱਤੀ ਜਾ ਸਕਦੀ ਹੈ। ਰੇਅ ਸਿੰਡ੍ਰੋਮ ਦੇ ਖ਼ਤਰੇ ਕਾਰਨ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ASA (ਜਿਵੇਂ ਕਿ Aspirin®) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਅ ਸਿੰਡ੍ਰੋਮ ਬਾਰੇ ਜਾਣਕਾਰੀ ਲਈ, HealthLinkBC ਫ਼ਾਈਲ #84 Reye Syndrome (ਰੇਅ ਸਿੰਡ੍ਰੋਮ) ਦੇਖੋ।

ਕੋਈ ਵੀ ਵੈਕਸੀਨ ਲੈਣ ਤੋਂ ਬਾਅਦ 15 ਮਿੰਟ ਲਈ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਐਨਾਫਾਈਲੈਕਸਿਸ ਨਾਮਕ ਜਾਨਲੇਵਾ ਐਲਰਜੀ

ਪ੍ਰਤਿਕਿਰਿਆ ਹੋਣ ਦੀ ਇੱਕ ਬਹੁਤ ਹੀ ਵਿਰਲੀ, ਇੱਕ ਮਿਲੀਅਨ ਵਿੱਚੋਂ 1 ਤੋਂ ਘੱਟ, ਸੰਭਾਵਨਾ ਹੁੰਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਮੁਸ਼ਕਲ, ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਸ਼ਾਮਲ ਹੋ ਸਕਦੀ ਹੈ। ਜੇਕਰ ਇਹ ਪ੍ਰਤਿਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰਨ ਲਈ ਤਿਆਰ ਹੁੰਦਾ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡ੍ਰੀਨਾਲਿਨ) ਦੇਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੁੰਦਾ ਹੈ। ਜੇ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਗੰਭੀਰ ਜਾਂ ਅਣਉਮੀਦੀਆਂ ਪ੍ਰਤਿਕਿਰਿਆਵਾਂ ਦੀ ਹਮੇਸ਼ਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਰਿਪੋਰਟ ਕਰਨਾ ਮਹੱਤਵਪੂਰਨ ਹੁੰਦਾ ਹੈ।

## Men-C ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ ਹੈ?

ਜੇਕਰ ਤੁਹਾਡੇ ਬੱਚੇ ਨੂੰ ਮੈਨਿਨਜੋਕੋਕਲ ਵੈਕਸੀਨ ਦੀ ਪਿਛਲੀ ਖੁਰਾਕ ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ ਨਾਲ ਜਾਨਲੇਵਾ ਪ੍ਰਤਿਕਿਰਿਆ ਹੋਈ ਸੀ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇਕਰ ਤੁਹਾਨੂੰ ਚਿੰਤਾਵਾਂ ਹਨ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਮੈਨਿਨਜੋਕੋਕਲ C ਦੀ ਲਾਗ ਕੀ ਹੁੰਦੀ ਹੈ?

ਮੈਨਿਨਜੋਕੋਕਲ C ਦੀ ਲਾਗ ਮੈਨਿਨਜੋਕੋਕਲ ਟਾਈਪ C ਨਾਮਕ ਬੈਕਟੀਰੀਆ ਕਾਰਨ ਹੁੰਦੀ ਹੈ। ਇਹ ਦਿਮਾਗ ਨੂੰ ਢਕਣ ਵਾਲੀ ਲਾਈਨਿੰਗ ਦੀ ਲਾਗ, ਮੈਨਿਨਜਾਈਟਿਸ, ਅਤੇ ਖੂਨ ਦੀ ਇੱਕ ਲਾਗ, ਸੈਪਟੀਸੀਮੀਆ ਸਮੇਤ ਗੰਭੀਰ ਅਤੇ ਜਾਨਲੇਵਾ ਲਾਗਾਂ ਦਾ ਕਾਰਨ ਬਣ ਸਕਦੀ ਹੈ। ਬਿਮਾਰ ਹੋਣ ਵਾਲੇ ਹਰ 100 ਲੋਕਾਂ ਲਈ, 15 ਤੱਕ ਦੀ ਮੌਤ ਹੋ ਜਾਵੇਗੀ, ਭਾਵੇਂ ਉਹ ਇਲਾਜ ਕਰਵਾ ਲੈਂਦੇ ਹਨ। ਲਾਗ ਦੀਆਂ ਸਥਾਈ ਪੇਚੀਦਗੀਆਂ ਵਿੱਚ ਦਿਮਾਗ ਨੂੰ ਨੁਕਸਾਨ, ਬੋਲ਼ਾਪਣ ਅਤੇ ਅੰਗਾਂ ਦਾ ਨੁਕਸਾਨ ਹੋਣਾ ਸ਼ਾਮਲ ਹਨ।

ਮੈਨਿਨਜੋਕੋਕਲ ਲਾਗ ਖੰਘਣ, ਛਿੱਕਣ, ਜਾਂ ਆਹਮੋ-ਸਾਹਮਣੇ ਦੇ ਨਜ਼ਦੀਕੀ ਸੰਪਰਕ ਦੁਆਰਾ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹੈ। ਇਹ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਨਿਆਣੇ ਅਤੇ ਛੋਟੇ ਬੱਚੇ ਦੂਜੇ ਬੱਚਿਆਂ ਦੁਆਰਾ ਵਰਤੀਆਂ ਜਾਂਦੀਆਂ ਚੁੰਘਣੀਆਂ, ਬੋਤਲਾਂ ਜਾਂ ਖਿਡੌਣਿਆਂ ਨੂੰ ਸਾਂਝਾ ਕਰਨ ਦੁਆਰਾ ਬਿਮਾਰ ਹੋ ਸਕਦੇ ਹਨ। ਵੱਡੀ ਉਮਰ ਦੇ ਬੱਚੇ ਅਤੇ ਬਾਲਗ ਚੁੰਮਣ, ਜਾਂ ਭੋਜਨ, ਪੀਣ ਵਾਲੇ ਪਦਾਰਥ, ਸਿਗਰੇਟ, ਲਿਪਸਟਿਕ, ਪਾਣੀ ਦੀਆਂ ਬੋਤਲਾਂ, ਅਤੇ ਖੇਡਾਂ ਲਈ ਵਰਤੇ ਜਾਂਦੇ ਮਾਊਥ ਗਾਰਡ ਜਾਂ ਸੰਗੀਤ ਦੇ ਸਾਜ਼ਾਂ ਨੂੰ ਸਾਂਝੇ ਤੌਰ 'ਤੇ ਵਰਤਣ ਵਰਗੀਆਂ ਗਤੀਵਿਧੀਆਂ ਰਾਹੀਂ ਬਿਮਾਰ ਹੋ ਸਕਦੇ ਹਨ।

ਰੁਟੀਨ ਬਚਪਨ ਦੇ ਟੀਕਾਕਰਨ ਪ੍ਰੋਗਰਾਮਾਂ ਦੇ ਕਾਰਨ ਹੁਣ ਬੀ.ਸੀ. ਵਿੱਚ ਮੈਨਿਨਜੋਕੋਕਲ ਟਾਈਪ C ਬੀਮਾਰੀ ਬਹੁਤ ਘੱਟ ਹੈ।

## ਪ੍ਰੋੜ੍ਹ ਨਾਬਾਲਗ ਦੀ ਸਹਿਮਤੀ

ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਬੱਚੇ, ਜੋ ਹਰੇਕ ਵੈਕਸੀਨ ਦੇ ਲਾਭਾਂ ਅਤੇ ਸੰਭਾਵਿਤ ਪ੍ਰਤਿਕਿਰਿਆਵਾਂ ਅਤੇ ਟੀਕਾਕਰਨ ਨਾ ਕਰਵਾਉਣ ਦੇ ਜੋਖਮ ਨੂੰ ਸਮਝਣ ਦੇ ਯੋਗ ਹਨ, ਕਾਨੂੰਨੀ ਤੌਰ 'ਤੇ ਟੀਕਾਕਰਨ ਲਈ ਸਹਿਮਤੀ ਦੇ ਸਕਦੇ ਹਨ ਜਾਂ ਇਨਕਾਰ ਕਰ ਸਕਦੇ ਹਨ। ਪ੍ਰੋੜ੍ਹ ਨਾਬਾਲਗ ਸਹਿਮਤੀ ਬਾਰੇ ਹੋਰ ਜਾਣਕਾਰੀ ਲਈ HealthLinkBC ਫਾਈਲ #119 The Infants Act, Mature Minor Consent and Immunization (ਨਵਜਾਤ ਐਕਟ, ਪ੍ਰੋੜ੍ਹ ਨਾਬਾਲਗ ਸਹਿਮਤੀ ਅਤੇ ਟੀਕਾਕਰਨ) ਦੇਖੋ।

ਟੀਕਾਕਰਨ ਬਾਰੇ ਹੋਰ ਜਾਣਕਾਰੀ ਲਈ, https://immunizebc.ca/ 'ਤੇ ImmunizeBC 'ਤੇ ਜਾਓ।